Australia Day
Reflect. Respect. Celebrate.

# 2025 Community Events Grant Program

## ਤੱਥ ਸ਼ੀਟ

# ਆਸਟ੍ਰੇਲੀਆ ਡੇਅ 2025 ਦੇ ਭਾਈਚਾਰਕ ਸਮਾਗਮਾਂ ਲਈ ਗ੍ਰਾਂਟ ਦਾ ਪ੍ਰੋਗਰਾਮ

[ਹੁਣੇ ਅਰਜ਼ੀ ਦਿਓ]

## ਸੰਖੇਪ ਜਾਣਕਾਰੀ

- ਨੈਸ਼ਨਲ ਆਸਟ੍ਰੇਲੀਆ ਡੇਅ ਕੌਂਸਿਲ (NADC), ਫ਼ੈਡਰਲ ਸਰਕਾਰ ਦੇ ਸਹਿਯੋਗ ਨਾਲ, ਕੌਂਸਿਲਾਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਆਸਟ੍ਰੇਲੀਆ ਡੇਅ ਦੇ ਸਮਾਗਮਾਂ ਅਤੇ ਗਤੀਵਿਧੀਆਂ ਦੀ ਮੇਜ਼ਬਾਨੀ ਕਰਨ ਵਿੱਚ ਸਹਾਇਤਾ ਲਈ $4.5 ਮਿਲੀਅਨ ਦੀ ਗ੍ਰਾਂਟ ਪ੍ਰਦਾਨ ਕਰ ਰਹੀ ਹੈ ਜੋ ਉਨ੍ਹਾਂ ਦੇ ਭਾਈਚਾਰੇ ਨੂੰ ਵਿਵੇਚਨਾ, ਸਤਿਕਾਰ ਅਤੇ ਜਸ਼ਨ ਮਨਾਉਣ ਲਈ ਇਕੱਠਿਆਂ ਕਰਦੇ ਹਨ।
- NADC ਦੇ ਆਸਟ੍ਰੇਲੀਆ ਡੇਅ 2025 ਦੇ ਭਾਈਚਾਰਕ ਸਮਾਗਮਾਂ ਲਈ ਗ੍ਰਾਂਟ ਦੇ ਪ੍ਰੋਗਰਾਮ ਲਈ ਅਰਜ਼ੀਆਂ 16 ਸਤੰਬਰ 2024 ਨੂੰ ਸਵੇਰੇ 9 ਵਜੇ (AEST) ਖੁੱਲ੍ਹਦੀਆਂ ਹਨ ਅਤੇ 11 ਅਕਤੂਬਰ 2024 ਨੂੰ ਸ਼ਾਮ 5 ਵਜੇ (AEST) ਬੰਦ ਹੁੰਦੀਆਂ ਹਨ।
- ਆਸਟ੍ਰੇਲੀਆ ਦੀਆਂ ਸਥਾਨਕ ਸਰਕਾਰ ਦੀਆਂ ਸੰਸਥਾਵਾਂ, ਆਸਟ੍ਰੇਲੀਆ ਦੀਆਂ ਰਾਜ ਜਾਂ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰੀ ਸੰਸਥਾਵਾਂ, ਅਤੇ ਆਸਟ੍ਰੇਲੀਆ ਦੇ ਗੈਰ-ਮੁਨਾਫ਼ਾ ਸੰਗਠਨ $15,000 ਤੱਕ ਦੀ ਗ੍ਰਾਂਟ ਲਈ ਅਰਜ਼ੀ ਦੇ ਸਕਦੇ ਹਨ।
- ਹੋਰ ਜਾਣਨ ਲਈ ਜਾਂ ਗ੍ਰਾਂਟ ਲਈ ਅਰਜ਼ੀ ਦੇਣ ਲਈ, ਵੇਖੋ [ਆਸਟ੍ਰੇਲੀਆ ਡੇਅ ਭਾਈਚਾਰਕ ਸਮਾਗਮਾਂ ਲਈ ਗ੍ਰਾਂਟ ਦਾ ਪ੍ਰੋਗਰਾਮ - ਆਸਟ੍ਰੇਲੀਆ ਡੇਅ]

## ਆਸਟ੍ਰੇਲੀਆ ਡੇਅ 2025

- ਆਸਟ੍ਰੇਲੀਆ ਡੇਅ ਵਿਵੇਚਨਾ ਕਰਨ, ਸਤਿਕਾਰ ਕਰਨ ਅਤੇ ਜਸ਼ਨ ਮਨਾਉਣ ਦਾ ਦਿਨ ਹੈ।
- ਫ਼ੈਡਰਲ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ, NADC, NADC ਭਾਈਚਾਰਕ ਸਮਾਗਮਾਂ ਲਈ ਗ੍ਰਾਂਟ ਪ੍ਰੋਗਰਾਮ ਦੇ ਰਾਹੀਂ, 'ਵਿਵੇਚਨਾ। ਸਤਿਕਾਰ। ਜਸ਼ਨ ਮਨਾਓ' ਵਾਲੇ ਥੀਮ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤੇ ਗਏ ਸਮਾਵੇਸ਼ੀ ਆਸਟ੍ਰੇਲੀਆ ਡੇਅ ਸਮਾਗਮ ਨੂੰ ਆਯੋਜਿਤ ਕਰਨ ਲਈ ਭਾਈਚਾਰਿਆਂ ਦੀ ਸਹਾਇਤਾ ਲਈ $4.5 ਮਿਲੀਅਨ ਦੀ ਗ੍ਰਾਂਟ ਪ੍ਰਦਾਨ ਕਰ ਰਹੀ ਹੈ।

## ਮੈਂ ਕਿਹੜੀਆਂ ਗ੍ਰਾਂਟਾਂ ਲਈ ਅਰਜ਼ੀ ਦੇ ਸਕਦਾ/ਦੀ ਹਾਂ?

- ਸਥਾਨਕ, ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰੀ ਸੰਸਥਾਵਾਂ ਅਤੇ ਆਸਟ੍ਰੇਲੀਆ ਦੇ ਗੈਰ-ਮੁਨਾਫ਼ਾ ਸੰਗਠਨ **$10,000** (GST ਤੋਂ ਬਿਨਾਂ) ਤੱਕ ਦੀ ਗ੍ਰਾਂਟ ਲਈ ਅਰਜ਼ੀ ਦੇ ਸਕਦੇ ਹਨ, ਤਾਂ ਜੋ ਯੋਗ ਸਮਾਗਮ ਪ੍ਰਬੰਧਕਾਂ ਨੂੰ ਆਸਟ੍ਰੇਲੀਆ ਡੇਅ 2025 ਦੇ ਸ਼ਮੂਲੀਅਤ ਵਾਲੇ ਸਮਾਗਮਾਂ ਨੂੰ ਵਧੀਆ ਤਰੀਕੇ ਨਾਲ ਮਨਾਉਣ ਨੂੰ ਯਕੀਨੀ ਬਣਾਉਣ ਵਿੱਚ ਸਹਾਇਤਾ ਕੀਤੀ ਜਾ ਸਕੇ (ਬੇਸ ਗ੍ਰਾਂਟ); ਅਤੇ ਉਹਨਾਂ ਸਮਾਗਮਾਂ ਲਈ ਵਾਧੂ **$5,000** (GST ਤੋਂ ਬਿਨਾਂ) ਜਿਨ੍ਹਾਂ ਵਿੱਚ ਮਹੱਤਵਪੂਰਨ ਆਦਿਵਾਸੀ ਅਤੇ/ਜਾਂ ਟੋਰੇਸ ਸਟ੍ਰੇਟ ਆਈਲੈਂਡਰ ਤੱਤ ਸ਼ਾਮਲ ਹਨ (ਵਾਧੂ ਗ੍ਰਾਂਟ)।

## ਕੀ ਮੈਂ ਯੋਗ ਹਾਂ?

- 2025 ਆਸਟ੍ਰੇਲੀਆ ਡੇਅ ਦੇ ਭਾਈਚਾਰਕ ਸਮਾਗਮਾਂ ਲਈ ਇਹ ਗ੍ਰਾਂਟ ਪ੍ਰੋਗਰਾਮ ਆਸਟ੍ਰੇਲੀਆ ਦੀਆਂ ਸਾਰੀਆਂ ਸਥਾਨਕ, ਰਾਜ ਜਾਂ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰੀ ਸੰਸਥਾਵਾਂ ਅਤੇ ਆਸਟ੍ਰੇਲੀਆ ਦੇ ਗੈਰ-ਮੁਨਾਫ਼ਾ ਸੰਗਠਨਾਂ ਲਈ ਖੁੱਲ੍ਹੀ ਹੈ।

- ਇਸ ਗ੍ਰਾਂਟ ਦੇ ਮੌਕੇ ਲਈ ਵਿਚਾਰੇ ਜਾਣ ਲਈ, ਬਿਨੈਕਾਰਾਂ ਨੂੰ ਇਹ ਦਿਖਾਉਣਾ ਚਾਹੀਦਾ ਹੈ ਕਿ ਯੋਜਨਾਬੱਧ ਸਮਾਗਮ ਦਾ ਇਰਾਦਾ ਅਪੰਗਤਾ ਵਾਲੇ ਲੋਕਾਂ ਲਈ ਸਮਾਵੇਸ਼ੀ ਵਾਲੇ ਤੱਤ ਸ਼ਾਮਲ ਕਰਨਾ ਹੈ।
- ਬਿਨੈਕਾਰਾਂ ਨੂੰ ਘੱਟੋ ਘੱਟ $10,000,000 ਵਾਲੀ ਚਲੰਤ ਜਨਤਕ ਦੇਣਦਾਰੀ ਬੀਮਾ ਪਾਲਸੀ ਹੱਥ ਵਿੱਚ ਹੋਣ ਦਾ ਸਬੂਤ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ, ਤਰਜੀਹੀ ਤੌਰ 'ਤੇ $20,000,000 ਤੋਂ ਘੱਟ ਨਹੀਂ।
- ਬਿਨੈਕਾਰਾਂ ਨੂੰ ਸਬੂਤ ਦੇ ਨਾਲ ਬੈਂਕ ਦੇ ਵੇਰਵੇ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ ਕਿ ਇਹ ਖਾਤਾ ਸੰਗਠਨ ਦੇ ਨਾਲ ਸਬੰਧਿਤ ਹੈ।
- ਬਿਨੈਕਾਰਾਂ ਨੂੰ ਇਹ ਦਰਸਾਉਣ ਦੀ ਲੋੜ ਹੈ ਕਿ ਉਹ ਆਸਟ੍ਰੇਲੀਆ ਡੇਅ ਦੇ ਬ੍ਰਾਂਡ *"ਵਿਵੇਚਨਾ। ਸਤਿਕਾਰ। ਜਸ਼ਨ ਮਨਾਓ।"* ਨੂੰ ਪ੍ਰਚਾਰ ਦੀਆਂ ਸਮੱਗਰੀਆਂ ਅਤੇ ਇਹੋ ਜਿਹੀਆਂ ਚੀਜ਼ਾਂ ਵਿੱਚ ਕਿਵੇਂ ਪ੍ਰਦਰਸ਼ਿਤ ਕਰਨਗੇ।
- ਅਰਜ਼ੀਆਂ ਨੂੰ ਲਾਜ਼ਮੀ ਤੌਰ 'ਤੇ ਯੋਗਤਾ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਮੁਲਾਂਕਣ ਦੇ ਮਾਪਦੰਡਾਂ ਨੂੰ ਪੂਰਾ ਕਰਨਾ ਚਾਹੀਦਾ ਹੈ ਜਿਵੇਂ ਕਿ ਪ੍ਰੋਗਰਾਮ ਦਿਸ਼ਾ ਨਿਰਦੇਸ਼ਾਂ ਵਿੱਚ ਦੱਸਿਆ ਗਿਆ ਹੈ।

## ਮੈਂ ਅਰਜ਼ੀ ਕਿਵੇਂ ਦੇਵਾਂ?

- ਗ੍ਰਾਂਟ ਦੇ ਦਿਸ਼ਾ ਨਿਰਦੇਸ਼ਾਂ ਨੂੰ ਡਾਊਨਲੋਡ ਕਰਨ, ਹੋਰ ਜਾਣਨ ਅਤੇ ਅਰਜ਼ੀ ਦੇਣ ਲਈ, 11 ਅਕਤੂਬਰ 2024 ਨੂੰ 5 ਵਜੇ (AEST) ਤੱਕ ਆਸਟ੍ਰੇਲੀਆ ਡੇਅ ਭਾਈਚਾਰਕ ਸਮਾਗਮਾਂ ਲਈ ਗ੍ਰਾਂਟ ਪ੍ਰੋਗਰਾਮ - ਆਸਟ੍ਰੇਲੀਆ ਡੇਅ 'ਤੇ ਜਾਓ।